Punjabi
July 2016

# ਬੀ ਸੀ ਇਮਿਊਨਾਈਜ਼ੇਸ਼ਨ ਕਾਰਜਕ੍ਰਮ
## BC Immunization Schedule

ਇਮਿਊਨਾਈਜ਼ੇਸ਼ਨ, ਜਿਹਨਾਂ ਨੂੰ ਵੈਕਸੀਨੇਸ਼ਨ ਵੀ ਕਿਹਾ ਜਾਂਦਾ ਹੈ, ਹਰ ਉਮਰ ਦੇ ਵਿਅਕਤੀਆਂ ਲਈ ਮਹੱਤਵਪੂਰਨ ਹਨ। ਇਹ ਤੁਹਾਡੀ ਪ੍ਰਤੀਰੱਖਿਅਣ ਪ੍ਰਣਾਲੀ ਨੂੰ ਉਹਨਾਂ ਜੀਵਾਣੂਆਂ ਅਤੇ ਵਿਸ਼ਾਣੂਆਂ ਨੂੰ ਪਛਾਣਨ ਅਤੇ ਛੇਤੀ ਨਾਲ ਮਾਰਨ ਵਿੱਚ ਮਦਦ ਕਰਦੇ ਹਨ ਜੋ ਗੰਭੀਰ ਬੀਮਾਰੀ ਜਾਂ ਮੌਤ ਦਾ ਕਾਰਨ ਬਣ ਸਕਦੇ ਹਨ। ਕੁਝ ਇਮਿਊਨਾਈਜ਼ੇਸ਼ਨਾਂ ਇੱਕ ਸਿੰਗਲ ਸ਼ੌਟ ਵਿੱਚ ਜਾਂ ਮੂੰਹ ਰਾਹੀਂ ਖੁਰਾਕ ਦੇ ਕੇ ਦਿੱਤੀਆਂ ਜਾਂਦੀਆਂ ਹਨ, ਜਦਕਿ ਦੂਜੀਆਂ ਲਈ ਸਮੇਂ ਦੀ ਮਿਆਦ ਲਈ ਕਈ ਖੁਰਾਕਾਂ ਦੀ ਲੋੜ ਹੁੰਦੀ ਹੈ। ਬੀ.ਸੀ. ਵਿੱਚ, ਇਮਿਊਨਾਈਜ਼ੇਸ਼ਨਾਂ ਤੁਹਾਡੇ ਸਥਾਨਕ ਪਬਲਿਕ ਸਿਹਤ ਯੂਨਿਟ ਵਿੱਚ ਪਬਲਿਕ ਸਿਹਤ ਨਰਸਾਂ ਦੁਆਰਾ ਅਤੇ ਨਿਜੀ ਟ੍ਰੈਵਲ ਅਤੇ ਵੈਕਸੀਨ ਕਲੀਨਿਕਾਂ ਵਿੱਚ ਡਾਕਟਰਾਂ, ਫਾਰਮਾਸਿਸਟਾਂ ਅਤੇ ਨਰਸਾਂ ਵੱਲੋਂ ਲਗਾਏ ਜਾਂਦੇ ਹਨ। ਕੁਝ ਕਾਰਜਸਥਾਨਾਂ ਵਿੱਚ ਵਿਵਸਾਇਕ ਸਿਹਤ ਨਰਸਾਂ ਵੀ ਹਨ ਜੋ ਰੁਜ਼ਗਾਰਦਾਤਾਵਾਂ ਦੀਆਂ ਲੋੜਾਂ ਅਤੇ ਸਿਫਾਰਿਸ਼ਾਂ ਦੇ ਮੁਤਾਬਕ ਇਮਿਊਨਾਈਜ਼ੇਸ਼ਨਾਂ ਦੇ ਸਕਦੀਆਂ ਹਨ।

ਹੇਠਾਂ ਦਿੱਤਾ ਗਿਆ ਕਾਰਜਕ੍ਰਮ, ਜਿਸ ਵਿੱਚ ਬੀ.ਸੀ. ਦੇ ਨਿਵਾਸੀਆਂ ਨੂੰ ਮੁਫਤ ਮੁਹੱਈਆ ਕੀਤੀਆਂ ਜਾਣ ਵਾਲੀਆਂ ਵੈਕਸੀਨਾਂ ਦੀ ਸੂਚੀ ਹੈ, ਇਹ ਨਿਰਧਾਰਿਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕਦੋਂ ਇਮਿਊਨਾਈਜ਼ੇਸ਼ਨ ਕਰਵਾਉਣ ਦੀ ਲੋੜ ਹੈ। ਜ਼ੁਕਾਮ ਜਾਂ ਹੋਰਾਂ ਮਾਮੂਲੀ ਬੀਮਾਰੀਆਂ ਕਾਰਨ ਇਮਿਊਨਾਈਜ਼ੇਸ਼ਨਾਂ ਵਿੱਚ ਦੇਰ ਕਰਨ ਦੀ ਲੋੜ ਨਹੀਂ ਹੈ, ਪਰੰਤੂ ਜਦੋਂ ਕੋਈ ਸ਼ੰਕਾ ਹੋਵੇ, ਤਾਂ ਸਭ ਤੋਂ ਪਹਿਲਾਂ ਆਪਣੀਆਂ ਚਿੰਤਾਂਵਾਂ ਬਾਰੇ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।

ਆਪਣੇ ਅਤੇ ਆਪਣੇ ਪਰਿਵਾਰ ਦੇ ਇਮਿਊਨਾਈਜ਼ੇਸ਼ਨ ਦੇ ਪੂਰੇ ਰਿਕਾਰਡ ਰੱਖਣਾ ਯਕੀਨੀ ਬਣਾਓ। ਤੁਹਾਨੂੰ ਆਮ ਤੌਰ ਤੇ ਉਦੋਂ ਆਪਣੇ ਬੱਚੇ ਦੇ ਇਮਿਊਨਾਈਜ਼ੇਸ਼ਨ ਰਿਕਾਰਡ ਦੇਣ ਲਈ ਕਿਹਾ ਜਾਏਗਾ ਜਦੋਂ ਉਸਨੂੰ ਡੇ ਕੇਅਰ, ਪ੍ਰੀਸਕੂਲ, ਕਿੰਡਰਗਾਰਟਨ, ਸਕੂਲ ਅਤੇ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਕੁਝ ਕਾਰਜਕ੍ਰਮਾਂ ਵਿੱਚ ਦਾਖਲਾ ਲੈਣ ਲਈ ਰਜਿਸਟਰ ਕੀਤਾ ਜਾਂਦਾ ਹੈ। ਜੇਕਰ ਤੁਸੀਂ ਸਿਹਤ ਦੇਖਭਾਲ ਪ੍ਰਦਾਤਾ ਬਦਲਦੇ ਹੋ ਤਾਂ

ਵੀ ਤੁਹਾਡੇ ਇਮਿਊਨਾਈਜ਼ੇਸ਼ਨ ਰਿਕਾਰਡ ਜਾਣਕਾਰੀ ਦਾ ਇੱਕ ਮਹੱਤਵਪੂਰਨ ਸ੍ਰੋਤ ਹੁੰਦੇ ਹਨ।

ਇਮਿਊਨਾਈਜ਼ੇਸ਼ਨ ਦੀ ਲੋੜ ਬਚਪਨ ਦੇ ਨਾਲ ਖਤਮ ਨਹੀਂ ਹੁੰਦੀ। ਹਜ਼ਾਰਾਂ ਲੋਕ ਇੰਫਲੂਐਂਜ਼ਾ ਅਤੇ ਹੋਰਾਂ ਬੀਮਾਰੀਆਂ, ਜਿਹਨਾਂ ਦੀ ਰੋਕਥਾਮ ਇਮਿਊਨਾਈਜ਼ੇਸ਼ਨ ਨਾਲ ਕੀਤੀ ਜਾ ਸਕਦੀ ਹੈ, ਦੇ ਕਾਰਨ ਹਸਪਤਾਲ ਵਿੱਚ ਦਾਖਲ ਹੁੰਦੇ ਹਨ, ਅਤੇ ਕਈ ਲੋਕਾਂ ਦੀ ਮੌਤ ਹੋ ਜਾਂਦੀ ਹੈ। ਮੁਫਤ ਮੁਹੱਈਆ ਕੀਤੀਆ ਜਾਣ ਵਾਲੀਆਂ ਹੇਠਾਂ ਦਿੱਤੀਆਂ ਵੈਕਸੀਨਾਂ ਤੋਂ ਇਲਾਵਾ ਅਜਿਹੀਆਂ ਹੋਰ ਵੈਕਸੀਨਾਂ ਵੀ ਉਪਲਬਧ ਹਨ ਜਿਹਨਾਂ ਨੂੰ ਖਰੀਦਣ ਦੀ ਚੋਣ ਤੁਸੀਂ ਕਰ ਸਕਦੇ ਹੋ। ਇਿਹਨਾਂ ਵੈਕਸੀਨਾਂ ਬਾਰੇ ਜਾਣਕਾਰੀ ਲਈ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ। ਇਮਿਊਨਾਈਜ਼ੇਸ਼ਨ ਕਰਵਾ ਕੇ, ਤੁਸੀਂ ਖੁਦ ਦੇ ਨਾਲ-ਨਾਲ ਦੂਜਿਆਂ ਦੀ ਵੀ ਰੱਖਿਆ ਕਰਦੇ ਹੋ।

ਜੇਕਰ ਇਮਿਊਨਾਈਜ਼ੇਸ਼ਨਾਂ ਬਾਰੇ ਤੁਹਾਡੇ ਕੋਈ ਸੁਆਲ ਹਨ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ ਇੱਕ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ 8-1-1 ਤੇ ਫੋਨ ਕਰੋ। ਵਧੇਰੇ ਜਾਣਕਾਰੀ ਲਈ, www.HealthLinkBC.ca/healthfiles/DiseasePrevention.stm ਤੇ ਬਿਮਾਰੀ ਦੀ ਰੋਕਥਾਮ ਬਾਰੇ ਹੈਲਥਲਿੰਕਬੀਸੀਫਾਇਲਾਂ ਦੇਖੋ ਜਾਂ www.immunizebc.ca ਤੇ ਜਾਓ।

**ਅਨੁਵਾਦ ਸੇਵਾਵਾਂ ਉਪਲਬਧ ਹਨ**

ਜੇ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਦੂਸਰੀਆਂ ਭਾਸ਼ਾਵਾਂ ਵਿੱਚ ਜਾਣਕਾਰੀ ਜਾਂ ਸਲਾਹ ਲੱਭ ਰਹੇ ਹੋ, ਤਾਂ ਅਨੁਵਾਦ ਸੇਵਾਵਾਂ 130 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹਨ। **8-1-1** ਨੂੰ ਫੋਨ ਕਰਨ ਤੋਂ ਬਾਅਦ, ਤੁਸੀਂ ਇੱਕ ਅੰਗਰੇਜ਼ੀ ਬੋਲਣ ਵਾਲੇ ਸਿਹਤ ਸੇਵਾਵਾਂ ਵਾਲੇ ਪ੍ਰਤੀਨਿਧੀ ਦੇ ਨਾਲ ਜੁੜੋਗੇ। ਕਿਸੇ ਹੋਰ ਭਾਸ਼ਾ ਵਿੱਚ ਸੇਵਾ ਪ੍ਰਾਪਤ ਕਰਨ ਵਾਸਤੇ, ਸਿਰਫ ਉਸ ਭਾਸ਼ਾ ਦਾ ਨਾਮ ਬੋਲੋ ਜਿਹੜੀ ਤੁਸੀਂ ਭਾਲ ਰਹੇ ਹੋ (ਉਦਾਹਰਣ ਲਈ "**ਪੰਜਾਬੀ**" ਕਹੋ), ਅਤੇ ਇੱਕ ਤਰਜਮਾਨ ਕਾਲ ਵਿੱਚ ਸ਼ਾਮਲ ਹੋ ਜਾਏਗਾ।

# ਨੇਮੀ ਇਮਿਊਨਾਈਜ਼ੇਸ਼ਨ ਕਾਰਜਕ੍ਰਮ

| ਉਮਰ ਸਮੂਹ ➡ ਵੈਕਸੀਨ ⬇ | 2 ਮਹੀਨੇ | 4 ਮਹੀਨੇ | 6 ਮਹੀਨੇ | 12 ਮਹੀਨੇ | 18 ਮਹੀਨੇ | 4 ਵਰ੍ਹਿਆਂ ਦੀ ਉਮਰ ਵਿੱਚ ਸ਼ੁਰੂਆਤ (ਕਿੰਡਰਗਾਰਟਨ ਪ੍ਰਵੇਸ਼) | ਗ੍ਰੇਡ 6 | ਗ੍ਰੇਡ 9 | ਬਾਲਗ | 65 ਵਰ੍ਹੇ ਅਤੇ ਵੱਧ | ਵੱਧ ਜੋਖਮ ਵਾਲਾ ਕਾਰਜਕ੍ਰਮ* |
|---|---|---|---|---|---|---|---|---|---|---|---|
| ਡਿਫਥੇਰੀਆ, ਟੈਟਨਸ, ਪਰਟੂਸਸ, ਹੈਪਾਟਾਈਟਿਸ ਬੀ., ਪੋਲੀਓ ਅਤੇ ਹੀਮੋਫਿਲਸ ਇੰਨਫਲੂਐਂਜ਼ਈ ਟਾਈਪ ਬੀ. (DTaP-HB-IPV-Hib) ਵੈਕਸੀਨ | ✔ | ✔ | ✔ | | | | | | | | |
| ਡਿਫਥੇਰੀਆ, ਟੈਟਨਸ,ਪਰਟੂਸਿਸ, ਪੋਲੀਓ, ਹੀਮੋਫਿਲਸ ਇਨਫਲੂਐਂਜ਼ਾਈ ਟਾਈਪ ਬੀ. (DTaP-IPV-Hib) ਵੈਕਸੀਨ | | | | | ✔ | | | | | | |
| ਨਿਯੂਮੋਕੋਕਲ ਕੌਨਜੁਗੇਟ (ਪੀ ਸੀ ਵੀ 13) ਵੈਕਸੀਨ | ✔ | ✔ | | ✔ | | | | | | | ✔ * |
| ਰੋਟਾਵਾਇਰਸ ਵੈਕਸੀਨ | ✔ | ✔ | | | | | | | | | |
| ਹੈਪੇਟਾਈਟਸ ਏ ਵੈਕਸੀਨ [a] | | | ✔ ਕੇਵਲ ਆਦਿਵਾਸ ੀ ਬੱਚੇ | | ✔ ਕੇਵਲ ਆਦਿਵਾਸੀ ਬੱਚੇ | ✔ ਉਹ ਆਦਿਵਾਸੀ ਬੱਚੇ ਜੋ ਪਹਿਲਾਂ ਇਮਿਊਨਾਈਜ਼ ਨਹੀਂ ਹੋਏ | | | | | ✔ * |
| ਹੈਪੇਟਾਈਟਸ ਬੀ ਵੈਕਸੀਨ [b] | | | | | | | ✔ ਜੇਕਰ ਪਾਤਰ ਹੈ | | ✔ ਜੇਕਰ ਪਾਤਰ ਹੈ | | ✔ * |
| ਮੀਜ਼ਲਜ਼,ਮੰਮਪਸ,ਰੁਬੈਲਾ ਵੈਕਸੀਨ (ਐਮ ਐਮ ਆਰ)[c] | | | | ✔ | | | | | ✔ ਜੇਕਰ ਪ੍ਰਭਾਵਕ ਹੈ | | |
| ਮੇਨਿੰਨਜੋਕੋਕਲ ਸੀ ਕੌਨਜੁਗੇਟ (ਮੇਨ-ਸੀ) ਵੈਕਸੀਨ [d] | ✔ | | | ✔ | | | | | ✔ ਜੇਕਰ ਪਾਤਰ ਹੈ | | ✔ * |
| ਮੇਨਿੰਨਜੋਕੋਕਲ ਕੁਆਡ੍ਰੀਵੇਲੈਂਟ ਵੈਕਸੀਨ | | | | | | | | ✔ | | | ✔ * |
| ਚਿਕਨਪੌਕਸ (ਵੈਰੀਸੈਲਾ) ਵੈਕਸੀਨ [e] | | | | ✔ | | | ✔ ਜੇਕਰ ਪਾਤਰ ਹੈ | | ✔ ਜੇਕਰ ਪ੍ਰਭਾਵਕ ਹੈ | | |
| ਮੀਜ਼ਲਜ਼,ਮੰਮਪਸ,ਰੁਬੈਲਾ ਅਤੇ ਵੈਰੀਸੈਲਾਵੈਕਸੀਨ (ਐਮ ਐਮ ਆਰ ਵੀ) [e] | | | | | | ✔ | | | | | |
| ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨਾਂ [f] | | | | | | | ✔ | | | | ✔ * |
| ਡਿਫਥੇਰੀਆ, ਟੈਟਨਸ, ਪਰਟੂਸਿਸ, ਪੋਲੀਓ (DTaP-IPV) ਵੈਕਸੀਨ | | | | | | ✔ | | | | | |
| ਟੈਟਨਸ,ਡਿਪਥੀਰੀਆ ਅਤੇ ਪਰਟੂਸਿਸ (ਟੀਡੈਪ) ਵੈਕਸੀਨ[g] | | | | | | | | ✔ | ✔ ਜੇਕਰ ਪਾਤਰ ਹੈ | | ✔ * |
| ਟੈੱਟਨਸ ਅਤੇ ਡਿਫਥੇਰੀਆ (Td) ਵੈਕਸੀਨ [h] | | | | | | | | | ✔ ਹਰ 10 ਵਰ੍ਹੇ ਵਿੱਚ ਇੱਕ ਵਾਰ | ✔ ਹਰ 10 ਵਰ੍ਹੇ ਵਿੱਚ ਇੱਕ ਵਾਰ | |
| ਇਨਐਕਟੀਵੇਟਿਡ ਇੰਫਲੂਐਂਜ਼ਾ (Flu) ਵੈਕਸੀਨ [i]<br><br>ਲਾਈਵ ਅਟੈਨਿਊਏਟਿਡ ਇੰਫਲੂਐਂਜ਼ਾ (Flu) ਵੈਕਸੀਨ [i] | | | ✔ 6 ਮਹੀਨੇ ਤੋਂ 4 ਵਰ੍ਹੇ ਤੱਕ ਦੀ ਉਮਰ ਦੇ ਬੱਚਿਆਂ ਨੂੰ ਸਾਲਾਨਾ | | | | | | | ✔ ਸਾਲਾਨਾ | ✔ * ਸਾਲਾਨਾ |
| ਨਿਯੂਮੋਕੋਕਲ ਪੌਲੀਸੈਕਰਾਇਡ ਵੈਕਸੀਨ | | | | | | | | | | ✔ ਕੇਵਲ 1 ਵਾਰ | ✔ * |

**a.** ਹੈਪੇਟਾਈਟਿਸ ਏ ਵੈਕਸੀਨ ਰਿਜ਼ਰਵ ਵਿੱਚ ਰਹਿਣ ਵਾਲੇ ਅਤੇ ਰਿਜ਼ਰਵ ਤੋਂ ਬਾਹਰ ਰਹਿਣ ਵਾਲੇ 6 ਮਹੀਨਿਆਂ ਤੋਂ ਲੈ ਕੇ 18 ਵਰ੍ਹੇ ਤੱਕ ਦੀ ਉਮਰ ਦੇ ਆਦਿਵਾਸੀ ਬੱਚਿਆਂ ਅਤੇ ਕਿਸ਼ੋਰਾਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ।ਬੱਚਿਆਂ ਨੂੰ ਪਹਿਲੀ ਖੁਰਾਕ 6 ਮਹੀਨਿਆਂ ਦੀ ਉਮਰ ਤੇ ਅਤੇ ਦੂਜੀ ਖੁਰਾਕ 18 ਮਹੀਨਿਆਂ ਦੀ ਉਮਰ ਤੇ ਦਿੱਤੀ ਜਾਂਦੀ ਹੈ। ਇਸ ਤੋਂ ਵੱਡੀ ਉਮਰ ਦੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਵੈਕਸੀਨ ਦੀਆਂ 2 ਖੁਰਾਕਾਂ ਦੀ ਲੋੜ ਹੁੰਦੀ ਹੈ।ਦੂਜੀ ਖੁਰਾਕ ਨੂੰ ਪਹਿਲੀ ਖੁਰਾਕ ਦੇ ਘੱਟੋ ਘੱਟ 6 ਮਹੀਨੇ ਬਾਅਦ ਦੇਣ ਦੀ ਲੋੜ ਹੁੰਦੀ ਹੈ।

**b.** ਹੈਪੇਟਾਈਟਿਸ ਬੀ ਵੈਕਸੀਨ ਬਚਪਨ ਵਿੱਚ ਲਗਾਈਆਂ ਜਾਣ ਵਾਲੀਆਂ ਹੋਰਾਂ ਨੇਮੀ ਵੈਕਸੀਨਾਂ ਦੇ ਸੁਮੇਲ ਨਾਲ 2, 4 ਅਤੇ 6 ਮਹੀਨਿਆਂ ਦੀ ਉਮਰ ਵਿੱਚ 3 ਖੁਰਾਕਾਂ ਦੀ ਇੱਕ ਲੜੀ ਵਜੋਂ ਬੀ.ਸੀ. ਵਿੱਚ ਬੱਚਿਆਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ। ਜਿਹਨਾਂ ਬੱਚਿਆਂ ਨੇ ਆਪਣੀ ਬਾਲ (ਇਨਫੈਂਟ) ਹੈਪੇਟਾਈਟਿਸ ਬੀ ਵੈਕਸੀਨ ਲੜੀ ਪੂਰੀ ਨਹੀਂ ਕੀਤੀ ਜਾਂ ਜਿਹਨਾਂ ਨੂੰ ਕਦੇ ਵੀ ਵੈਕਸੀਨ ਪ੍ਰਾਪਤ ਨਹੀਂ ਹੋਈ ਹੈ, ਉਹਨਾਂ ਨੂੰ ਗ੍ਰੇਡ 6 ਵਿੱਚ ਹੈਪੇਟਾਈਟਿਸ ਬੀ ਵੈਕਸੀਨ ਮੁਫ਼ਤ ਦਿੱਤੀ ਜਾਏਗੀ।

ਹੈਪੇਟਾਈਟਿਸ ਬੀ ਵੈਕਸੀਨ 1980 ਵਿੱਚ ਜਾਂ ਇਸਤੋਂ ਬਾਅਦ ਪੈਦਾ ਹੋਏ ਉਹਨਾਂ ਲੋਕਾਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ ਜਿਹਨਾਂ ਨੂੰ ਕਦੇ ਵੀ ਵੈਕਸੀਨ ਪ੍ਰਾਪਤ ਨਹੀਂ ਹੋਈ ਹੈ ਜਾਂ ਜਿਹਨਾਂ ਨੇ ਆਪਣੀ ਉਮਰ ਦੀਆਂ ਖੁਰਾਕਾਂ ਦੀ ਸਿਫਾਰਿਸ਼ ਕੀਤੀ ਸੰਖਿਆ ਪ੍ਰਾਪਤ ਨਹੀਂ ਕੀਤੀ ਹੈ।

**c.** 1970 ਵਿੱਚ ਜਾਂ ਇਸਤੋਂ ਬਾਅਦ ਪੈਦਾ ਹੋਇਆ ਕੋਈ ਵੀ ਵਿਅਕਤੀ ਜੋ ਇਮਿਊਨਾਈਜ਼ਡ ਨਹੀਂ ਹੋਇਆ ਹੈ ਜਾਂ ਜਿਸਨੂੰ ਖਸਰਾ, ਕੰਨ-ਪੇੜੇ ਅਤੇ ਰੁਬੈਲਾ ਦੀ ਇਮਿਊਨਿਟੀ ਨਹੀਂ ਹੈ ਨੂੰ ਐਮ ਐਮ ਆਰ (MMR) ਵੈਕਸੀਨ ਦੀਆਂ 2 ਖੁਰਾਕਾਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ।

**d.** ਮੇਨ-ਸੀ (Men-C) ਵੈਕਸੀਨ 2002 ਤੋਂ ਪਹਿਲਾਂ ਪੈਦਾ ਹੋਏ 24 ਸਾਲ ਜਾਂ ਉਸ ਤੋਂ ਘੱਟ ਉਮਰ ਦੇ ਉਹਨਾਂ ਲੋਕਾਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ ਜਿਹਨਾਂ ਨੇ ਉਨ੍ਹਾਂ ਦੇ 10ਵੇਂ ਜਨਮਦਿਨ ਤੇ ਜਾਂ ਉਸ ਤੋਂ ਬਾਅਦ ਵੈਕਸੀਨ ਦੀ ਖੁਰਾਕ ਪ੍ਰਾਪਤ ਨਹੀਂ ਕੀਤੀ।

**e.** ਚਿਕਨਪੌਕਸ ਵੈਕਸੀਨ 2 ਖੁਰਾਕਾਂ ਦੀ ਲੜੀ ਦੀ ਤਰ੍ਹਾਂ ਮੁਫਤ ਦਿੱਤੀ ਜਾਂਦੀ ਹੈ। ਪਹਿਲੀ ਖੁਰਾਕ 12 ਮਹੀਨੇ ਦੀ ਉਮਰ ਤੇ ਅਤੇ ਦੂਸਰੀ ਬੱਚੇ ਦੇ ਕਿੰਡਰਗਾਰਟਨ ਸ਼ੁਰੂ ਕਰਨ ਤੋਂ ਪਹਿਲਾਂ 4 ਸਾਲ ਦੀ ਉਮਰ ਤੇ ਸ਼ੁਰੂਆਤ ਕਰਕੇ ਦਿਤੀ ਜਾਂਦੀ ਹੈ।ਦੂਸਰੀ ਖੁਰਾਕ ਇੱਕ ਮਿਸ਼ਰਨ ਵਾਲੀ ਵੈਕਸੀਨ (ਐਮ ਐਮ ਆਰ ਵੀ) ਦੇ ਰੂਪ ਵਿੱਚ ਦਿੱਤੀ ਜਾਂਦੀ ਹੈ ਜੋ ਖਸਰਾ (ਮੀਜ਼ਲਜ਼), ਕੰਨ ਪੇੜੇ (ਮੰਮਪਸ) ਅਤੇ ਰੁਬੈਲਾ (ਜਰਮਨ ਖਸਰਾ) ਦੇ ਵਿਰੁੱਧ ਵੀ ਰੱਖਿਆ ਕਰਦੀ ਹੈ।ਗਰੇਡ 6 ਵਿੱਚ, ਇਹ ਵੈਕਸੀਨ ਉਨ੍ਹਾਂ ਵਿਦਿਆਰਥੀਆਂ ਨੂੰ ਪੇਸ਼ ਕੀਤੀ ਜਾਂਦੀ ਹੈ ਜਿੰਨਾਂ ਨੂੰ 2 ਖੁਰਾਕਾਂ ਉਸ ਵੇਲੇ ਨਹੀਂ ਮਿਲੀਆਂ ਸਨ ਜਦੋਂ ਉਹ ਛੋਟੇ ਸਨ।13 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਉਹ ਲੋਕ ਜਿੰਨਾਂ ਨੂੰ ਕਦੇ ਵੀ ਵੈਕਸੀਨ ਨਹੀਂ ਦਿੱਤੀ ਗਈ ਹੈ ਨੂੰ ਵੀ 2 ਖੁਰਾਕਾਂ ਦੀ ਲੋੜ ਹੈ।2004 ਵਿੱਚ ਜਾਂ ਉਸ ਤੋਂ ਬਾਅਦ ਪੈਦਾ ਹੋਣ ਵਾਲੇ,1 ਸਾਲ ਜਾਂ ਉਸ ਤੋਂ ਵੱਧ ਉਮਰ ਤੇ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਚਿਕਨਪੌਕਸ ਜਾਂ ਸ਼ਿੰਗਲਜ਼ (shingles) ਬੀਮਾਰੀ ਦੀ ਪਛਾਣ ਹੋਣ ਵਾਲੇ ਬੱਚਿਆਂ ਅਤੇ ਬਾਲਗਾਂ ਨੂੰ ਚਿਕਨਪੌਕਸ ਵੈਕਸੀਨ ਦੀ ਲੋੜ ਨਹੀਂ ਹੈ।ਇੰਨਾਂ ਬੱਚਿਆਂ ਨੂੰ 4 ਸਾਲ ਦੀ ਉਮਰ ਤੇ ਐਮ ਐਮ ਆਰ (MMR ) ਵੈਕਸੀਨ ਮਿਲਣੀ ਚਾਹੀਦੀ ਹੈ।

**f.** ਐਚ ਪੀ ਵੀ (HPV) ਵੈਕਸੀਨ ਦੋ ਖੁਰਾਕਾ ਦੀ ਲੜੀ ਦੀ ਤਰ੍ਹਾਂ ਗ੍ਰੇਡ ਵਿੱਚ ਲੜਕੀਆਂ ਨੂੰ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਵੈਕਸੀਨ 1994 ਵਿੱਚ ਜਾਂ ਇਸਤੋਂ ਬਾਅਦ ਪੈਦਾ ਹੋਣ ਵਾਲੀਆਂ ਉਨ੍ਹਾਂ ਔਰਤਾਂ ਨੂੰ ਵੀ ਮੁਫਤ ਮੁਹੱਈਆ ਕੀਤੀ ਜਾਂਦੀ ਹੈ ਜਿਹੜੀਆਂ 26 ਸਾਲ ਜਾਂ ਉਸ ਤੋਂ ਘੱਟ ਉਮਰ ਦੀਆਂ ਹਨ ਜਿੰਨਾਂ ਨੇ ਵੈਕਸੀਨ ਪ੍ਰਾਪਤ ਨਹੀਂ ਕੀਤੀ।

ਵੈਕਸੀਨ ਉਨ੍ਹਾਂ ਪੁਰਸ਼ਾਂ ਨੂੰ ਵੀ ਮੁਫਤ ਮੁਹੱਈਆ ਕੀਤੀ ਜਾਂਦੀ ਹੈ ਜਿੰਨਾਂ ਨੂੰ ਐਚਪੀਵੀ ਵਿਗਾੜ ਵਧਿਆ ਹੋਇਆ ਖਤਰਾ ਹੈ।ਇਸ ਬਾਰੇ ਹੋਰ ਜਾਣਕਾਰੀ ਲਈ ਕਿ ਕੌਣ ਵੈਕਸੀਨ ਮੁਫ਼ਤ ਪ੍ਰਾਪਤ ਕਰ ਸਕਦਾ ਹੈ HealthLinkBC File #101b ਹਿਊਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨਾਂ ਦੇਖੋ।

**g.** ਟੀਡੈਪ ਵੈਕਸੀਨ ਉਨ੍ਹਾਂ ਬਾਲਗਾਂ ਨੂੰ ਮੁਫਤ ਮੁਹੱਈਆ ਕੀਤੀ ਜਾਂਦੀ ਹੈ ਜਿੰਨ੍ਹਾਂ ਨੂੰ ਬਚਪਨ ਵਿੱਚ ਪਰਟੂਸਿਸ ਲਈ ਇੰਮਿਊਨਾਈਜ਼ ਨਹੀਂ ਕੀਤਾ ਗਿਆ ਸੀ, ਜਾਂ ਜਿੰਨ੍ਹਾਂ ਦਾ ਇਮਿਊਨਾਈਜ਼ੇਸ਼ਨ ਇਤਿਹਾਸ ਨਾ ਮਾਲੂਮ ਹੈ।

ਟੀਡੈਪ ਵੈਕਸੀਨ ਦੀ ਇੱਕ ਬੂਸਟਰ ਖੁਰਾਕ ਦੀ ਸਿਫਾਰਸ਼ ਉਨ੍ਹਾਂ ਲੋਕਾਂ ਲਈ ਕੀਤੀ ਜਾਂਦੀ ਹੈ, ਪਰ ਉਹ ਮੁਫਤ ਮੁਹੱਈਆ ਨਹੀਂ ਕੀਤੀ ਜਾਂਦੀ, ਜਿਹੜੇ 18 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਹਨ ਜਿੰਨ੍ਹਾਂ ਨੂੰ ਬਚਪਨ ਵਿੱਚ ਪਰਟੂਸਿਸ ਵਿਰੁੱਧ ਇਮਿਊਨਾਈਜ਼ ਕੀਤਾ ਗਿਆ ਸੀ ਪਰ ਜਿੰਨ੍ਹਾਂ ਨੇ ਬਾਲਗ ਅਵਸਥਾ ਵਿੱਚ ਪਰਟੂਸਿਸ ਵਾਲੀ ਵੈਕਸੀਨ ਪ੍ਰਾਪਤ ਨਹੀਂ ਕੀਤੀ ਹੈ।

**h.** ਕਿਸੇ ਡੂੰਘੇ ਗੰਦੇ ਜ਼ਖ਼ਮ ਜਾਂ ਕੱਟ ਲੱਗੇ ਵਿਅਕਤੀ ਨੂੰ ਟੈਟਨਸ ਵੈਕਸੀਨ ਦੀ ਇੱਕ ਖੁਰਾਕ ਦੀ ਲੋੜ ਹੋ ਸਕਦੀ ਹੈ ਜੇਕਰ ਉਹਨਾਂ ਨੂੰ ਵੈਕਸੀਨ ਦੀ ਆਪਣੀ ਆਖਰੀ ਖੁਰਾਕ ਨੂੰ 5 ਵਰ੍ਹੇ ਜਾਂ ਇਸਤੋਂ ਵੱਧ ਸਮਾਂ ਹੋ ਗਿਆ ਹੈ।

**i.** ਇੰਫਲੂਐਂਜ਼ਾ ਦੀ ਸਾਲਾਨਾ ਇਮਿਊਨਾਈਜ਼ੇਸ਼ਨ ਦੀ ਸਲਾਹ ਇੰਫਲੂਐਂਜ਼ਾ ਤੋਂ ਗੰਭੀਰ ਬੀਮਾਰੀ ਦੇ ਉੱਚ ਜੋਖਮ ਵਾਲੇ ਲੋਕਾਂ ਲਈ ਅਤੇ ਉਹਨਾਂ ਲੋਕਾਂ ਲਈ ਦਿੱਤੀ ਜਾਂਦੀ ਹੈ ਜੋ ਇੰਫਲੂਐਂਜ਼ਾ ਤੋਂ ਗੰਭੀਰ ਬੀਮਾਰੀ ਦੇ ਉੱਚ ਜੋਖਮ ਵਾਲੇ ਲੋਕਾਂ ਨੂੰ ਇੰਫਲੂਐਂਜ਼ਾ ਸੰਚਾਰਿਤ ਕਰਨ ਜਾਂ ਫੈਲਾਉਣ ਦੇ ਯੋਗ ਹਨ। ਇੱਕ ਪੂਰੀ ਸੂਚੀ ਲਈ, HealthLinkBC File #12d ਇੰਨਐਕਟੀਵੇਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ ਅਤੇ HealthLinkBC File #12e ਲਾਇਵ ਅਟੈਨੁਏਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ ਦੇਖੋ।ਇੰਫਲੂਐਂਜ਼ਾ ਵੈਕਸੀਨ ਪ੍ਰਦਾਨ ਕਰਨ ਵਾਲਾ ਕੋਈ ਕਲੀਨਿਕ ਲੱਭਣ ਲਈ www.immunizebc.ca/clinics/flu ਤੇ ਜਾਓ।

* ਉੱਚ ਜੋਖਮ ਕਾਰਜਕ੍ਰਮ: ਬ੍ਰਿਟਿਸ਼ ਕੋਲੰਬੀਆ ਲੋਕਾਂ ਦੇ ਕੁਝ ਸਮੂਹਾਂ ਨੂੰ ਕਈ ਵੈਕਸੀਨਾਂ ਮੁਫ਼ਤ ਮੁਹੱਈਆ ਕਰਦਾ ਹੈ, ਜਿਵੇਂ ਕਿ ਉਹ ਜਿਹਨਾਂ ਨੂੰ ਪੁਰਾਣੀ ਬੀਮਾਰੀ ਹੁੰਦੀ ਹੈ ਜਾਂ ਜਿਹਨਾਂ ਦੀ ਪ੍ਰਤੀਰੱਖਿਅਣ ਪ੍ਰਣਾਲੀ ਕਮਜ਼ੋਰ ਹੁੰਦੀ ਹੈ।ਵਧੇਰੇ ਜਾਣਕਾਰੀ ਲਈ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ, ਜਾਂ 8-1-1 ਤੇ ਫੋਨ ਕਰੋ।

ਨੋਟ: ਵੈਕਸੀਨ ਕਾਰਜਕ੍ਰਮ ਵਿੱਚ ਬਦਲਾਵ ਹੋ ਸਕਦਾ ਹੈ। ਜੇਕਰ ਤੁਹਾਡੇ ਸਵਾਲ ਹਨ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ, ਜਾਂ 8-1-1 ਤੇ ਫੋਨ ਕਰੋ।

ਇਮਿਊਨਾਈਜ਼ੇਸ਼ਨ ਸਾਰਣੀ ਨੂੰ ਹੈਲਥਲਿੰਕ ਬੀ ਸੀ, ਬੀ ਸੀ ਮਨਿਸਟਰੀ ਆਫ ਹੈਲਥ ਅਤੇ ਡਿਜੀਜ ਕੰਟ੍ਰੋਲ ਲਈ ਬੀ ਸੀ ਸੈਂਟਰ ਵੱਲੋਂ ਵਿਕਸਿਤ ਕੀਤੀ ਗਈ ਗਿਆ ਅਤੇ ਇਹਨਾਂ ਵੱਲੋਂ ਇਸਦੀ ਸਮੀਖਿਆ ਕੀਤੀ ਗਈ।

ਇਮਿਊਨਾਈਜ਼ੇਸ਼ਨ ਤੇ ਵਧੇਰੇ ਜਾਣਕਾਰੀ ਲਈ, www.immunizebc.ca ਤੇ ਇਮਿਊਨਾਈਜ਼ ਬੀਸੀ ਤੇ ਜਾਓ।



ਹੈਲਥਲਿੰਕਬੀਸੀ ਫਾਇਲਾਂ ਦੇ ਹੋਰ ਵਿਸ਼ਿਆਂ ਵਾਸਤੇ, www.HealthLinkBC.ca/healthfiles ਤੇ ਜਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਕੋਲ ਜਾਓ।ਬੀ. ਸੀ. ਵਿੱਚ ਸਿਹਤ ਸੰਬੰਧੀ ਨੌਨ-ਐਮਰਜੈਂਸੀ ਜਾਣਕਾਰੀ ਅਤੇ ਸਲਾਹ ਲਈ, www.HealthLinkBC.ca ਤੇ ਜਾਓ ਜਾਂ **8-1-1** (ਟੋਲ ਫ੍ਰੀ) ਤੇ ਫੋਨ ਕਰੋ।ਬਹਿਰੇ ਅਤੇ ਸੁਣਨ ਸੰਬੰਧੀ ਵਿਕਾਰ ਲਈ ਸਹਾਇਤਾ ਵਾਸਤੇ, **7-1-1** ਤੇ ਫੋਨ ਕਰੋ। ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।